Employment Development Department
State of California

# ਬੇਰੁਜ਼ਗਾਰੀ ਬੀਮਾ

## ਦਾਅਵਾ ਦਾਇਰ ਕਰਨਾ • ਭੁਗਤਾਨ ਬਾਰੇ ਜਾਣਕਾਰੀ • ਸਧਾਰਨ ਜਾਣਕਾਰੀ

## ਕਿਸ ਵਿਅਕਤੀ ਨੂੰ ਦਾਅਵਾ ਦਾਇਰ ਕਰਨਾ ਚਾਹੀਦਾ ਹੈ

ਜੇਕਰ ਤੁਸੀਂ ਹੁਣ ਕੰਮ ਨਹੀਂ ਕਰ ਰਹੇ ਜਾਂ ਤੁਹਾਡੇ ਘੰਟੇ ਘਟ ਗਏ ਹਨ, ਤਾਂ ਤੁਸੀਂ ਬੇਰੁਜ਼ਗਾਰੀ ਬੀਮੇ (UI) ਦੇ ਲਾਭਾਂ ਲਈ ਦਾਅਵਾ ਦਾਇਰ ਕਰ ਸਕਦੇ ਹੋ। UI ਸੰਬੰਧੀ ਲਾਭ ਪ੍ਰਾਪਤ ਕਰਨ ਦੇ ਯੋਗ ਹੋਣ ਲਈ, ਤੁਸੀਂ ਆਪਣੀ ਗਲਤੀ ਤੋਂ ਬਿਨਾਂ ਕੰਮ ਤੋਂ ਬਾਹਰ ਹੋਣੇ ਚਾਹੀਦੇ ਹੋ ਅਤੇ ਸ਼ਰੀਰਕ ਤੌਰ ਤੇ ਕੰਮ ਕਰਨ ਦੇ ਯੋਗ, ਕੰਮ ਸਵੀਕਾਰ ਕਰਨ ਲਈ ਤਿਆਰ ਅਤੇ ਕੰਮ ਦੀ ਭਾਲ ਕਰਨ ਵਾਲੇ ਹੋਣੇ ਚਾਹੀਦੇ ਹੋ।

### ਦਾਇਰ ਕਦੋਂ ਕੀਤਾ ਜਾਵੇ

ਜਿਵੇਂ ਹੀ ਤੁਸੀਂ ਬੇਰੁਜ਼ਗਾਰ ਹੁੰਦੇ ਹੋ ਜਾਂ ਤੁਹਾਡੇ ਘੰਟੇ ਘਟਾਏ ਜਾਂਦੇ ਹਨ, ਤਾਂ ਤੁਹਾਨੂੰ ਤੁਰੰਤ ਲਾਭਾਂ ਲਈ ਬੇਨਤੀ ਕਰਨੀ ਚਾਹੀਦੀ ਹੈ। ਦਾਇਰ ਕਰਨ ਦੇ ਹਫ਼ਤੇ ਦੇ ਐਤਵਾਰ ਨੂੰ ਤੁਹਾਡਾ ਦਾਅਵਾ ਦਾਇਰ ਕੀਤਾ ਜਾਵੇਗਾ ਜਾਂ ਉਸਨੂੰ ਦਵਾਰਾ ਖੋਲ੍ਹਿਆ ਜਾਵੇਗਾ। ਸਾਰੇ ਦਾਅਵਿਆਂ ਦਾ ਇੱਕ ਹਫ਼ਤੇ ਦਾ, ਬਿਨਾਂ ਭੁਗਤਾਨ ਉਡੀਕ ਦਾ ਸਮਾਂ ਹੁੰਦਾ ਹੈ। ਉਡੀਕ ਦਾ ਸਮਾਂ ਉਦੋਂ ਤੱਕ ਸ਼ੁਰੂ ਨਹੀਂ ਹੁੰਦਾ ਜਦੋਂ ਤੱਕ ਦਾਅਵਾ ਦਾਇਰ ਨਹੀਂ ਕੀਤਾ ਜਾਂਦਾ।

### ਦਾਇਰ ਕਰਨ ਲਈ ਤੁਹਾਨੂੰ ਕਿਸ ਚੀਜ਼ ਦੀ ਲੋੜ ਹੈ

ਇਹ ਨਿਰਧਾਰਿਤ ਕਰਨ ਲਈ ਕਿ ਕੀ ਤੁਸੀਂ ਲਾਭ ਪ੍ਰਾਪਤ ਕਰਨ ਦੇ ਯੋਗ ਹੋ ਜਾਂ ਨਹੀਂ, ਤੁਹਾਨੂੰ ਵੱਖ-ਵੱਖ ਪ੍ਰਸ਼ਨ ਪੁੱਛੇ ਜਾਣਗੇ ਜਿਵੇਂ ਤੁਹਾਡੇ ਪਿਛਲੇ ਮਾਲਕਾਂ ਬਾਰੇ ਜਾਣਕਾਰੀ ਅਤੇ ਤੁਹਾਡੇ ਬੇਰੁਜ਼ਗਾਰ ਹੋਣ ਦਾ ਕਾਰਨ। ਆਪਣਾ ਦਾਅਵਾ ਜਲਦੀ ਦਾਇਰ ਕਰਨਾ ਸੁਨਿਸ਼ਚਿਤ ਕਰਨ ਲਈ, ਆਪਣਾ ਦਾਅਵਾ ਦਾਇਰ ਕਰਨ ਤੋਂ ਪਹਿਲਾਂ ਤੁਹਾਨੂੰ ਹੇਠਾਂ ਦਿੱਤੀ ਜਾਣਕਾਰੀ ਨਾਲ ਤਿਆਰ ਰਹਿਣਾ ਚਾਹੀਦਾ ਹੈ:

- ਤੁਹਾਡਾ ਸਮਾਜਿਕ ਸੁਰੱਖਿਆ ਨੰਬਰ, ਨਾਮ (ਉਹਨਾਂ ਸਾਰੇ ਨਾਮਾਂ ਸਮੇਤ ਜੋ ਤੁਸੀਂ ਕੰਮ ਦੌਰਾਨ ਵਰਤੇ ਸਨ), ਜਨਮ ਤਾਰੀਖ਼, ਡਾਕ ਅਤੇ ਘਰ ਦਾ ਪਤਾ (ਜ਼ਿਪ ਕੋਡ ਸਮੇਤ) ਅਤੇ ਫ਼ੋਨ ਨੰਬਰ (ਏਰੀਆ ਕੋਡ ਸਮੇਤ)।
- ਤੁਹਾਡਾ ਡਰਾਇਵਿੰਗ ਲਾਇਸੈਂਸ ਜਾਂ ਪਹਿਚਾਣ ਕਾਰਡ ਨੰਬਰ।
- ਕਿਸੇ ਮਾਲਕ ਕੋਲ ਕੰਮ ਕਰਨ ਦੀ ਅੰਤਿਮ ਤਾਰੀਖ਼।
- ਉਸ ਮਾਲਕ ਬਾਰੇ ਵਪਾਰ ਜਾਂ ਕੰਪਨੀ ਦਾ ਨਾਮ ਸਹਿਤ ਜਾਣਕਾਰੀ, ਪਤਾ (ਡਾਕ ਅਤੇ ਭੌਤਿਕ ਸਥਿਤੀ) ਅਤੇ ਫ਼ੋਨ ਨੰਬਰ ਜਿਸ ਲਈ ਤੁਸੀਂ ਅੰਤਿਮ ਵਾਰ ਕੰਮ ਕੀਤਾ। ਸਾਨੂੰ ਦੋਵਾਂ ਪਤਿਆਂ ਲਈ ਜ਼ਿਪ ਕੋਡ ਅਤੇ ਮਾਲਕ ਦੇ ਫ਼ੋਨ ਨੰਬਰ ਲਈ ਏਰੀਆ ਕੋਡ ਦੀ ਵੀ ਲੋੜ ਹੈ।
- ਆਪਣੇ ਪਿਛਲੇ ਮਾਲਕ ਦੇ ਨਾਲ ਕੰਮ ਨਾ ਕਰਨ ਦਾ ਕਾਰਨ ਅਤੇ ਤੁਹਾਡੇ ਸੁਪਰਵਾਇਜ਼ਰ ਦਾ ਨਾਮ।
- ਤੁਹਾਡੇ ਦਾਅਵਾ ਦਾਇਰ ਕਰਨ ਤੋਂ 18 ਮਹੀਨੇ ਪਹਿਲਾਂ ਤੁਸੀਂ ਜਿਨਾਂ ਮਾਲਕਾਂ ਕੋਲ ਕੰਮ ਕੀਤਾ, ਉਹਨਾਂ ਸਾਰਿਆਂ ਬਾਰੇ ਉਹਨਾਂ ਦੇ ਨਾਮ, ਪਤਾ, ਨੌਕਰੀ ਦਾ ਸਮਾਂ, ਵੇਤਨਾਂ ਸਮੇਤ ਜਾਣਕਾਰੀ ਅਤੇ ਤੁਹਾਨੂੰ ਕਿਵੇਂ ਭੁਗਤਾਨ ਕੀਤਾ ਜਾਂਦਾ ਸੀ।
- ਜੇਕਰ ਤੁਸੀਂ ਪਿਛਲੇ 18 ਮਹੀਨੇ ਫੌਜ਼ ਵਿੱਚ ਸੀ, ਤਾਂ ਤੁਹਾਡੇ DD214 ਮੈਂਬਰ ਕਾਪੀ 4 ਵਿਚੋਂ ਜਾਣਕਾਰੀ।
- ਤੁਹਾਡੇ ਸਟੈਂਡਰਡ ਫਾਰਮ 8 “ਫੈਡਰਲ ਕਰਮਚਾਰੀਆਂ ਨੂੰ ਬੇਰੁਜ਼ਗਾਰੀ ਬੀਮੇ ਬਾਰੇ ਨੋਟਿਸ” ਤੋਂ ਜਾਣਕਾਰੀ, ਜੇਕਰ ਤੁਸੀਂ ਪਿਛਲੇ 18 ਮਹੀਨਿਆਂ ਦੌਰਾਨ ਫੈਡਰਲ ਸਰਕਾਰ ਦੀ ਕਿਸੇ ਏਜੰਸੀ ਲਈ ਕੰਮ ਕੀਤਾ ਹੈ।
- ਜੇਕਰ ਤੁਸੀਂ U.S.(ਯੂ.ਐਸ.) ਦੇ ਨਾਗਰਿਕ ਨਹੀਂ ਹੋ, ਤਾਂ ਤੁਹਾਡਾ ਪਰਵਾਸੀ ਰਜਿਸਟ੍ਰੇਸ਼ਨ ਨੰਬਰ ਅਤੇ ਸਮਾਪਤੀ ਦੀ ਤਾਰੀਖ਼।

## ਆਪਣਾ ਦਾਅਵਾ ਕਿਵੇਂ ਦਾਇਰ ਕੀਤਾ ਜਾਵੇ ਜਾਂ ਦੁਬਾਰਾ ਖੋਲ੍ਹਿਆ ਜਾਵੇ

### ਔਨਲਾਈਨ

UI ਦਾਇਰ ਕਰਨ ਜਾਂ ਆਪਣਾ ਦਾਅਵਾ ਦੁਬਾਰਾ ਖੋਲ੍ਹਣ ਲਈ eApply4UI ਵਰਤੋ। ਇਹ ਦਿਨ ਵਿੱਚ 24 ਘੰਟੇ, ਹਫ਼ਤੇ ਵਿੱਚ ਸੱਤ ਦਿਨ ਔਨਲਾਈਨ ਉਪਲਬਧ ਹੈ ਅਤੇ ਇਹ ਅੰਗਰੇਜ਼ੀ ਜਾਂ ਸਪੈਨਿਸ਼ ਭਾਸ਼ਾ ਵਿੱਚ ਉਪਲਬਧ ਹੈ। ਇਹ UI ਦੀ ਅਰਜ਼ੀ ਦੇਣ ਜਾਂ ਆਪਣਾ ਦਾਅਵਾ ਦੁਬਾਰਾ ਖੋਲ੍ਹਣ ਦਾ ਸੁਰੱਖਿਅਤ, ਭਰੋਸੇਮੰਦ, ਅਤੇ ਸਭ ਤੋਂ ਤੇਜ਼ ਤਰੀਕਾ ਹੈ।

eApply4UI ***www.edd.ca.gov/eapply4ui***

### ਟੈਲੀਫ਼ੋਨ

ਆਪਣਾ ਦਾਅਵਾ ਦਾਇਰ ਕਰਨ ਜਾਂ ਦੁਬਾਰਾ ਖੋਲ੍ਹਣ ਲਈ Employment Development Department (ਰੁਜ਼ਗਾਰ ਵਿਕਾਸ ਵਿਭਾਗ) (EDD) ਦੇ ਕਿਸੇ ਗ੍ਰਾਹਕ ਸੇਵਾ ਪ੍ਰਤੀਨਿਧੀ ਨਾਲ ਗੱਲ ਕਰਨ ਲਈ ਕਾਲ ਕਰੋ। ਤੁਸੀਂ ਸਵੇਰੇ 8 ਵਜੇ ਤੋਂ ਦੁਪਹਿਰ 12 ਵਜੇ (ਪੈਸਿਫਿਕ ਸਟੈਂਡਰਡ ਟਾਇਮ), ਛੁੱਟੀਆਂ ਨੂੰ ਛੱਡ ਕੇ ਸੋਮਵਾਰ ਤੋਂ ਸ਼ੁੱਕਰਵਾਰ ਤੱਕ U.S. (ਯੂ.ਐਸ.) ਵਿੱਚ ਕਿਤੋਂ ਵੀ ਇੱਕ ਟੋਲ-ਫ੍ਰੀ ਨੰਬਰ ਤੇ ਕਾੱਲ ਕਰ ਸਕਦੇ ਹੋ।

| | |
|---|---|
| **ਅੰਗਰੇਜ਼ੀ 1-800-300-5616** | **ਮੈਂਡਰਿਨ 1-866-303-0706** |
| **ਸਪੈਨਿਸ਼ 1-800-326-8937** | **ਵਿਅਤਨਾਮੀ 1-800-547-2058** |
| **ਕੈਂਟੋਨੀਸ 1-800-547-3506** | **TTY (ਨਾੱਨ-ਵਾੱਇਸ) 1-800-815-9387** |

## ਅੱਗੇ ਕੀ ਹੁੰਦਾ ਹੈ

ਆਪਣਾ ਦਾਅਵਾ ਦਾਇਰ ਕਰਨ ਤੋਂ ਬਾਅਦ, ਕਿਰਪਾ ਕਰਕੇ ਪ੍ਰਕਿਰਿਆ ਲਈ 10 ਦਿਨ ਦਿਓ। ਜੇਕਰ ਤੁਸੀਂ 10 ਦਿਨਾਂ ਬਾਅਦ ਮੇਲ ਰਾਹੀਂ ਸੂਚਨਾ ਪ੍ਰਾਪਤ ਨਹੀਂ ਕਰਦੇ, ਤਾਂ ਕਾੱਲ ਕਰਕੇ ਜਾਂ ਔੱਨਲਾਈਨ ਆਪਣੀ ਪੁੱਛ-ਗਿੱਛ ਸਬਮਿਟ ਕਰਨ ਲਈ www.edd.ca.gov/Unemployment ਤੇ ਸਧਾਰਨ ਜਾਣਕਾਰੀ ਤਹਿਤ "ਕਾਂਨਟੈਕਟ ਅੱਸ" ਚੁਣ ਕੇ ਆਪਣੇ ਪ੍ਰਸ਼ਨ ਈਮੇਲ ਕਰੋ।

## ਭੁਗਤਾਨ ਬਾਰੇ ਜਾਣਕਾਰੀ

ਤੁਹਾਡੇ ਪਿਛਲੇ UI ਭੁਗਤਾਨ ਦੀ ਸਥਿਤੀ ਲਈ, ਹੇਠਾਂ ਸੂਚੀਬੱਧ ਕੀਤੇ EDD ਟੋਲ-ਫ੍ਰੀ ਆਟੋਮੇਟਿਡ ਸੈਲਫ਼-ਸਰਵਿਸ ਟੈਲੀਫ਼ੋਨ ਨੰਬਰ ਤੇ ਕਾੱਲ ਕਰੋ। ਤੁਹਾਨੂੰ ਭੁਗਤਾਨ ਬਾਰੇ ਜਾਣਕਾਰੀ ਲੈਣ ਲਈ ਆਪਣੇ ਸਮਾਜਿਕ ਸੁਰੱਖਿਆ ਨੰਬਰ ਅਤੇ 4-ਅੰਕਾਂ ਦੇ ਨਿੱਜੀ ਪਹਿਚਾਣ ਨੰਬਰ (PIN) ਦੀ ਲੋੜ ਪਵੇਗੀ। ਆਟੋਮੈਟਿਕ ਸੈਲਫ਼-ਸਰਵਿਸ ਨੰਬਰ ਤੁਹਾਨੂੰ ਆਪਣਾ PIN ਸਥਾਪਿਤ ਕਰਨ ਲਈ ਚਰਨ-ਬੱਧ-ਚਰਨ ਹਦਾਇਤਾਂ ਦਿੰਦਾ ਹੈ ਤਾਂ ਕਿ ਤੁਸੀਂ ਆਪਣੀ ਗੁਪਤ UI ਦਾਅਵਾ ਜਾਣਕਾਰੀ ਵਰਤ ਸਕੋ। ਆਟੋਮੇਟਿਡ ਸੈਲਫ਼-ਸਰਵਿਸ ਤੁਹਾਨੂੰ ਹੋਰ ਸੇਵਾਵਾਂ ਲਈ ਵੀ ਮਾਰਗਦਰਸ਼ਨ ਕਰੇਗੀ, ਜਿਨਾਂ ਦੀ ਤੁਹਾਨੂੰ ਲੋੜ ਹੋ ਸਕਦੀ ਹੈ।

**ਆਟੋਮੇਟਿਡ ਸੈਲਫ਼-ਸਰਵਿਸ (ਅੰਗਰੇਜ਼ੀ ਅਤੇ ਸਪੈਨਿਸ਼) 1-866-333-4606**

## ਸਧਾਰਨ ਜਾਣਕਾਰੀ

### ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ

### UI ਕਿੰਨਾ ਭੁਗਤਾਨ ਕਰਦਾ ਹੈ?

ਤੁਹਾਡੀ ਪਿਛਲੀ ਤਿਮਾਹੀ ਦੀ ਕਮਾਈ ਦੇ ਆਧਾਰ ਤੇ, ਹਫ਼ਤਾਵਾਰੀ ਲਾਭ ਰਾਸ਼ੀਆਂ ਦੀ ਰੇਂਜ $40 ਤੋਂ ਅਧਿਕਤਮ $450 ਤੱਕ ਹੁੰਦੀ ਹੈ।

### ਇਕ ਗ੍ਰਾਹਕ ਸੇਵਾ ਪ੍ਰਤੀਨਿਧੀ ਨੂੰ ਕਾੱਲ ਕਰਨ ਦਾ ਸ਼੍ਰੇਸ਼ਠ ਸਮਾਂ ਕੀ ਹੈ?

ਆਪਣਾ ਉਡੀਕ ਦਾ ਸਮਾਂ ਘੱਟ ਕਰਨ ਲਈ, ਸਾਡੇ ਸਭ ਤੋਂ ਵਿਅਸਤ ਸਮੇਂ ਵਿਚ ਕਾਲ ਕਰਨ ਤੋਂ ਪਰਹੇਜ਼ ਕਰੋ ਜਿਵੇਂ: ਸੋਮਵਾਰ, ਛੁੱਟੀ ਤੋਂ ਅਗਲੇ ਦਿਨ ਅਤੇ ਸਵੇਰੇ 8 ਤੋਂ 8.30 ਵਜੇ ਦੇ ਵਿਚਕਾਰ। ਸਾਡੇ ਸਭ ਤੋਂ ਘੱਟ ਵਿਅਸਤ ਦਿਨ ਬੁੱਧਵਾਰ ਅਤੇ ਵੀਰਵਾਰ ਹੁੰਦੇ ਹਨ।

### ਮੇਰਾ ਟੈਲੀਫ਼ੋਨ ਦੁਆਰਾ ਇੰਟਰਵਿਊ ਕਿਉਂ ਨਿਸ਼ਚਿਤ ਹੈ?

ਜੇਕਰ ਲਾਭ ਪ੍ਰਾਪਤ ਕਰਨ ਲਈ ਤੁਹਾਡੀ ਯੋਗਤਾ ਬਾਰੇ ਕੋਈ ਪ੍ਰਸ਼ਨ ਹਨ, ਤਾਂ ਤੁਹਾਡੇ ਦੁਆਰਾ ਹੋਰ ਜਾਣਕਾਰੀ ਦੇਣਾ ਜਰੂਰੀ ਹੈ ਅਤੇ ਤੁਸੀਂ ਇਕ ਤੈਅ ਫ਼ੋਨ ਇੰਟਰਵਿਊ ਦੀ ਮੇਲ ਵਿੱਚ ਸੂਚਨਾ ਪ੍ਰਾਪਤ ਕਰੋਗੇ। ਉਦਾਹਰਨ ਲਈ, ਤੁਹਾਡਾ ਇਕ ਫ਼ੋਨ ਇੰਟਰਵਿਊ ਤੈਅ ਕੀਤਾ ਜਾਵੇਗਾ ਜੇ ਤੁਸੀਂ ਆਪਣੀ ਪਿਛਲੀ ਨੌਕਰੀ ਛੱਡੀ ਹੋਵੇ, ਜੇ ਤੁਸੀਂ ਪਿਛਲੀ ਨੌਕਰੀ ਤੋਂ ਬਰਖ਼ਾਸਤ ਕੀਤੇ ਗਏ ਹੋਵੋ, ਜੇਕਰ ਤੁਸੀਂ ਕੰਮ ਕਰਨ ਲਈ ਯੋਗ ਜਾਂ ਉਪਲਬਧ ਨਹੀਂ ਹੋ, ਜੇ ਤੁਸੀਂ ਕੰਮ ਦੀ ਭਾਲ ਨਹੀਂ ਕਰ ਰਹੇ ਹੋ। ਇੰਟਰਵਿਊ ਲਈ ਤਿਆਰੀ ਕਰਨ ਵਾਸਤੇ, ਸੂਚਨਾ ਵਿਚ ਦਿੱਤੀ ਗਈ ਜਾਣਕਾਰੀ ਦੀ ਸਮੀਖਿਆ ਕਰਨਾ ਮਹੱਤਵਪੂਰਨ ਹੁੰਦਾ ਹੈ।

## ਹੋਰ ਸਰੋਤ

EDD ਰਾਜ ਅਤੇ ਸਥਾਨਕ ਏਜੰਸੀਆਂ ਅਤੇ ਸੰਗਠਨਾਂ ਨਾਲ ਸਾਂਝੇਦਾਰੀ ਵਿੱਚ ਰੁਜ਼ਗਾਰ ਅਤੇ ਸਿਖਲਾਈ ਸੇਵਾਵਾਂ ਦੀ ਇੱਕ ਵਿਆਪਕ ਰੇਂਜ਼ ਮੁਹੱਈਆ ਕਰਦਾ ਹੈ। ਰਾਜ ਭਰ ਵਿੱਚ America's Job Center of California℠ (ਇਸਨੂੰ ਪਹਿਲਾਂ ਵਨ-ਸਟਾਪ ਕੈਰੀਅਰ ਸੈਂਟਰਸ ਦੇ ਨਾਮ ਨਾਲ ਜਾਣਿਆ ਜਾਂਦਾ ਸੀ) ਦੁਆਰਾ ਮੁਹੱਈਆ ਕਰਵਾਈਆ ਜਾਣ ਵਾਲੀਆਂ ਇਹ ਸੇਵਾਵਾਂ ਨੌਕਰੀ ਖੋਜਕਰਤਾ, ਨੌਕਰੀ ਤੋਂ ਕੱਢੇ ਗਏ ਕਾਮੇ, ਨੌਜਵਾਨ, ਅਨੁਭਵੀ ਅਤੇ ਅਪਾਹਿਜ਼ ਲੋਕਾਂ ਨੂੰ ਲਾਭ ਪਹੁੰਚਾਉਂਦੀਆਂ ਹਨ। ਇਹ ਸਾਰੇ ਬਿਨਾਂ ਫ਼ੀਸ ਦੇ ਸਰੋਤ ਇਹ ਯਕੀਨੀ ਬਣਾਉਣ ਲਈ ਮੁਹੱਈਆ ਕੀਤੇ ਜਾਂਦੇ ਹਨ ਕਿ ਨੌਕਰੀ ਦੀ ਭਾਲ ਸਫ਼ਲ ਹੋਵੇ।

America's Job Center of California℠ ਮੁਹੱਈਆ ਕਰਦਾ ਹੈ:

- ਨੌਕਰੀ ਲੱਭਣ ਵਿੱਚ ਸਹਾਇਤਾ
- CalJOBS℠ ਦੁਆਰਾ ਨੌਕਰੀਆਂ ਦੀ ਸੂਚੀਆਂ ਬਣਾਉਣਾ
- ਟੈਲੀਫ਼ੋਨ, ਇੰਟਰਨੈਟ, ਪ੍ਰਿੰਟਰਾਂ, ਫੈਕਸ ਮਸ਼ੀਨਾਂ ਅਤੇ ਕਾਪੀ ਮਸ਼ੀਨਾਂ ਦੀ ਵਰਤੋਂ
- ਵਰਕਸ਼ਾਪਾਂ
- ਵੇਤਨਾਂ ਅਤੇ ਪ੍ਰਚਲਨਾਂ ਬਾਰੇ ਜਾਣਕਾਰੀ
- ਸਮੁਦਾਇਕ ਸਰੋਤ
- ਦੂਜੀਆਂ ਸੇਵਾਵਾਂ ਲਈ ਰੈਫ਼ਰਲ ਅਤੇ ਹੋਰ ਬਹੁਤ ਕੁਝ

ਨਜ਼ਦੀਕੀ ਸਥਾਨਕ America's Job Center of California℠ ਦਾ ਪਤਾ ਲਗਾਉਣ ਲਈ, America's Workforce Network ਨੂੰ ਟੋਲ-ਫ੍ਰੀ-ਹੈਲਪਲਾਈਨ ਤੇ 1-877-US 2 JOBS (1-877-872-5627) ਤੇ ਕਾੱਲ ਕਰੋ ਜਾਂ ਆਪਣੇ ਸਥਾਨਕ ਸਮੁਦਾਏ ਵਿੱਚ ਉਪਲਬਧ ਸੇਵਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ www.servicelocator.org ਤੇ ਜਾਓ। ਇਹ ਜਾਣਕਾਰੀ 140 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਹੈ ਅਤੇ ਸੁਣਨ ਦੀ ਸ਼ਕਤੀ ਦੀ ਕਮੀ ਵਾਲੇ ਲੋਕਾਂ ਲਈ TTY ਪਹੁੰਚ 1-877-889-5627 ਉਪਲਬਧ ਹੈ।